# ਆਕਾਸ਼ਵਾਣੀ ਜਲੰਧਰ

# ਪ੍ਰਦੇਸ਼ਿਕ ਖਬਰਾਂ ਪੰਜਾਬੀ

**13:10 Pm**

**ਮਿਤੀ:09-04-2024**

ਚੇਤ ਦੇ ਨਰਾਤੇ ਅੱਜ ਤੋਂ ਸ਼ੁਰੂ ਹੋ ਗਏ ਨੇ। ਇਸ ਦੇ ਨਾਲ ਹੀ ਨਵੇਂ ਵਿਕ੍ਰਮੀ ਸੰਵਤ 2081 ਦੀ ਸ਼ੁਰੂਆਤ ਵੀ ਹੋ ਗਈ ਏ। ਦੇਸ਼ ਦੇ ਹੋਰਨਾਂ ਹਿੱਸਿਆਂ ਵਾਂਗ, ਪੰਜਾਬ ਵਿਚ ਵੀ ਨਰਾਤਿਆਂ ਦੇ ਇਸ ਤਿਉਹਾਰ ਨੂੰ ਲੈ ਕੇ ਲੋਕਾਂ ਵਿਚ ਭਾਰੀ ਉਤਸ਼ਾਹ ਤੇ ਜੋਸ਼ ਏ। ਜਲੰਧਰ ਸਮੇਤ ਸੂਬੇ ਦੇ ਵੱਖ ਵੱਖ ਮੰਦਰਾਂ ਵਿਚ ਤੜਕਸਾਰ ਤੋਂ ਹੀ ਸ਼ਰਧਾਲੂਆਂ ਦੀਆਂ ਲੰਬੀਆਂ ਕਤਾਰਾਂ ਲੱਗੀਆਂ ਹੋਇਆਂ ਨੇ। ਇਸ ਮੌਕੇ ਤੇ ਸੁਰੱਖਿਆ ਦੇ ਵੀ ਸਖਤ ਇੰਤਜਾਮ ਕੀਤੇ ਗਏ ਨੇ।

***ਵੇਰਵੇ ਨਾਲ ਇਹ ਰਿਪੋਰਟ: ਡਿਸਪੈਚ: ਚੇਤ ਮਹੀਨੇ ਦੇ ਨਰਾਤਿਆਂ ਅਤੇ ਹਿੰਦੂਆਂ ਦੇ ਨਵੇਂ ਵਿਕ੍ਰਮੀ ਸੰਵਤ ਦੀ ਸ਼ੁਰੂਆਤ ਮੌਕੇ ਸੂਬੇ ਦੇ ਵੱਖ-ਵੱਖ ਮੰਦਿਰਾਂ ਵਿਚ ਤੜਕਸਾਰ ਤੋਂ ਹੀ ਸ਼ਰਧਾਲੂਆਂ ਦੀ ਭਾਰੀ***

ਭੀੜ ਦੇਖਣ ਨੂੰ ਮਿਲ ਰਹੀ ਏ । ਅੰਮ੍ਰਿਤਸਰ ਦੇ ਸ਼੍ਰੀ ਦੁਰਗਿਆਣਾ ਮੰਦਰ, ਪਟਿਆਲਾ ਦੇ ਮਾਤਾ ਸ਼੍ਰੀ ਕਾਲੀਦੇਵੀ ਮੰਦਰ ਅਤੇ ਜਲੰਧਰ ਦੇ ਸ਼੍ਰੀ ਦੇਵੀ ਤਾਲਾਬ ਮੰਦਿਰ ਸਮੇਤ ਸੂਬੇ ਦੇ ਹੋਰ ਸਾਰੇ ਛੋਟੇ-ਵੱਡੇ ਮੰਦਰਾਂ ਵਿੱਚ ਮੌਜੂਦ ਸ਼ਰਧਾਲੂਆਂ ਵਿਚ ਭਾਰੀ ਉਤਸ਼ਾਹ ਦੇਖਣ ਨੂੰ ਮਿਲ ਰਿਹਾ ਏ । ਸ਼ਰਧਾਲੂ ਪੂਰੀ ਸ਼ਰਧਾ ਨਾਲ ਮਾਂ ਦੁਰਗਾ ਦੇ ਵੱਖ-ਵੱਖ ਰੂਪਾਂ ਅੱਗੇ ਮੱਥਾ ਟੇਕ ਰਹੇ ਨੇ । ਅੱਜ ਪਹਿਲੇ ਨਰਾਤੇ ਤੇ ਮਾਂ ਦੁਰਗਾ ਦੇ ਸ਼ੈਲਪੁਤਰੀ ਸਰੂਪ ਦੀ ਪੂਜਾ ਆਰਚਨਾ ਕੀਤੀ ਜਾ ਰਹੀ ਏ । ਸਵੇਰੇ ਤੋਂ ਹੀ ਮੰਦਰਾਂ ਵਿੱਚ ਹਵਨ ਯੱਗ ਅਤੇ ਧਾਰਮਿਕ ਪ੍ਰੋਗਰਾਮ ਕਰਵਾਏ ਜਾ ਰਹੇ ਨੇ । ਇਸ ਨਾਲ ਵਾਤਾਵਰਣ ਪੂਰੀ ਤਰ੍ਹਾਂ ਨਾਲ ਭਕਤੀ ਵਾਲਾ ਬਣਿਆ ਹੋਇਆ ਏ। ਸ਼੍ਰੀ ਦੇਵੀ ਤਾਲਾਬ ਮੰਦਿਰ ਸਮੇਤ ਹੋਰਨਾਂ ਅਨੇਕਾਂ ਮੰਦਿਰਾਂ ਨੂੰ ਰੰਗ ਬਿਰੰਗੇ ਦਿਲ ਖਿੱਚਵੇਂ ਫ਼ੁੱਲਾਂ ਨਾਲ ਨਵੀਂ ਨੁਹਾਰ ਦਿੱਤੀ ਗਈ ਏ ਜਦਕਿ ਰਾਤ ਵੇਲੇ ਵੀ ਖਾਸ ਤੌਰ ਤੇ ਰੰਗ ਬਿਰੰਗੀ ਰੌਸ਼ਨੀ ਦਾ ਪ੍ਰਬੰਧ ਕੀਤਾ ਗਿਆ ਏ। ਨਰਾਤਿਆਂ ਦੇ ਨੌ ਦਿਨ ਦੌਰਾਨ ਮਾਂ ਦੁਰਗਾ ਦੇ ਵੱਖ ਵੱਖ ਸਰੂਪਾਂ ਦੀ ਪੂਜਾ ਅਰਚਨਾ ਕੀਤੀ ਜਾਂਦੀ ਏ ਅਤੇ ਮਾਂ ਦੀ ਮਹਿਮਾ ਦਾ ਗੁਣਗਾਣ ਕੀਤਾ ਜਾਂਦਾ ਏ। ਕਈ

*ਲੋਕਾਂ ਨੇ ਨਰਾਤਿਆਂ ਦੇ ਸ਼ੁਭ ਮੌਕੇ ਤੇ ਵਰਤ ਵੀ ਰੱਖੇ ਹੋਏ ਨੇ ਅਤੇ ਘਰਾਂ ਵਿਚ ਅਖੰਡ ਜੋਤ ਜਗਾਈ ਏ । ਅੱਠਵੇਂ ਜਾਂ ਨੌਵੇਂ ਨਰਾਤੇ ਵਾਲੇ ਦਿਨ ਛੋਟੀਆਂ ਛੋਟੀਆਂ ਕੁੜਿਆਂ ਯਾਨਿ ਕੰਜਕਾਂ ਦੀ ਪੂਜਾ ਕਰਨ ਮਗਰੋਂ ਲੋਕ ਆਪਣੇ ਇਹ ਵਰਤ ਖੋਲਦੇ ਨੇ। ਅੱਜ ਤੋਂ ਹੀ ਹਿੰਦੂਆਂ ਦੇ ਨਵੇਂ ਵਿਕ੍ਰਮੀ ਸੰਵਤ 2081 ਦੀ ਸ਼ੁਰੂਆਤ ਹੋਈ ਏ। ਇਸ ਮੌਕੇ ਨੂੰ ਯਾਦਗਾਰ ਬਣਾਉਣ ਲਈ ਵੱਖ ਵੱਖ ਧਾਰਮਿਕ ਤੇ ਸਮਾਜਕ ਜੱਥੇਬੰਦੀਆਂ ਵਲੋਂ ਕਈ ਧਾਰਮਿਕ ਸਮਾਗਮ ਆਯੋਜਿਤ ਕੀਤੇ ਗਏ ਨੇ ਅਤੇ ਦਿਨ ਵੇਲੇ ਲੰਗਰ ਲਗਾਉਣ ਦੀ ਤਿਆਰੀ ਕੀਤੀ ਜਾ ਰਹੀ ਏ।*

*ਸ਼ਿਸ਼ੂ ਸ਼ਰਮਾ ਸ਼ਾਂਤਲ, ਆਕਾਸ਼ਵਾਣੀ ਸਮਾਚਾਰ, ਜਲੰਧਰ*

---

ਪ੍ਰਧਾਨ ਮੰਤਰੀ ਨਰੇਂਦਰ ਮੋਦੀ ਨੇ ਲੋਕਾਂ ਨੂੰ ਨਵ ਸੰਵਤ-ਸਰ ਦੀਆਂ ਵਧਾਈਆਂ ਦਿੱਤੀਆਂ ਨੇ । ਇੱਕ ਸੋਸ਼ਲ ਮੀਡੀਆ ਪੋਸਟ ਵਿੱਚ ਉਨਾਂ ਨਵੇਂ ਸਾਲ ਵਿਚ, ਖੁਸ਼ੀਆਂ, ਖੁਸ਼ਹਾਲੀ ਅਤੇ ਚੰਗੀ ਸਿਹਤ ਦੀ ਕਾਮਨਾ ਕੀਤੀ । ਪ੍ਰਧਾਨ ਮੰਤਰੀ ਨੇ ਗੁੜ੍ਹੀ ਪੜਵਾ, ਚੇਤੀ ਚੰਦ, ਨਵ-ਰੇਹ, ਉਗਾਦੀ, ਸਾ-ਜੀਬੂ ਚੀਰੋਬਾ ਦੇ ਮੌਕੇ 'ਤੇ ਸਾਰਿਆਂ ਨੂੰ ਸ਼ੁਭਕਾਮਨਾਵਾਂ ਦਿੱਤੀਆਂ। ਲੋਕਾਂ

ਨੂੰ ਨਰਾਤਿਆਂ 'ਤੇ ਸ਼ੁਭਕਾਮਨਾਵਾਂ ਦਿੰਦੇ ਹੋਏ, ਉਨਾਂ ਆਸ ਪ੍ਰਗਟਾਈ ਕਿ ਸ਼ਕਤੀ ਦੀ ਉਪਾਸਨਾ ਦਾ ਪਵਿੱਤਰ ਤਿਉਹਾਰ, ਸਾਰਿਆਂ ਲਈ ਖੁਸ਼ਹਾਲੀ, ਚੰਗੀ ਕਿਸਮਤ ਅਤੇ ਚੰਗੀ ਸਿਹਤ ਲੈ ਕੇ ਆਵੇਗਾ।

-----------------------------------------------------

ਇਸ ਦੌਰਾਨ ਰਾਮ ਨੌਮੀ 'ਤੇ ਚਾਰ ਮਿੰਟ ਤੱਕ ਸੂਰਜ ਦੀਆਂ ਕਿਰਨਾਂ ਰਾਮਲੱਲ੍ਹਾ ਦਾ ਤਿਲਕ ਕਰਨਗੀਆਂ । ਇਸ ਦੀ ਤਿਆਰੀ 'ਚ ਕਈ ਵਿਗਿਆਨੀ ਐਤਵਾਰ ਰਾਤ ਭਰ ਕੰਮ 'ਚ ਲੱਗੇ ਰਹੇ । ਇਸ ਦੇ ਲਈ ਰਾਮ ਮੰਦਰ 'ਚ ਉਪਕਰਨ ਲਗਾਇਆ ਜਾ ਰਿਹਾ ਏ, ਜਿਸਦਾ ਜਲਦੀ ਹੀ ਟ੍ਰਾਇਲ ਵੀ ਕੀਤਾ ਜਾਵੇਗਾ। ਮੰਦਰ ਨਿਰਮਾਣ ਕਮੇਟੀ ਦੇ ਪ੍ਰਧਾਨ ਨ੍ਰਿਪੇਂਦਰ ਮਿਸ਼ਰਾ ਨੇ ਕਿਹਾ ਕਿ ਸ੍ਰੀ ਰਾਮਲੱਲਾ ਦੇ ਸੂਰਜ ਤਿਲਕ ਲਗਾਉਣ ਦੀਆਂ ਤਿਆਰੀਆਂ ਪੂਰੀ ਤਨਦੇਹੀ ਨਾਲ ਕੀਤੀਆਂ ਜਾ ਰਹੀਆਂ ਨੇ। ਸੰਭਵ ਏ ਕਿ ਰਾਮ ਨੌਮੀ 'ਤੇ ਵਿਗਿਆਨੀਆਂ ਦੀਆਂ ਕੋਸ਼ਿਸ਼ਾਂ ਨੂੰ ਫਲ ਮਿਲ ਜਾਵੇ। ਕੋਈ 100 ਐੱਲ ਈ ਡੀ ਸਕ੍ਰੀਨਾਂ ਰਾਹੀਂ ਇਸ ਦਾ ਸਿੱਧਾ ਪ੍ਰਸਾਰਣ ਕੀਤਾ ਜਾਵੇਗਾ। ਉਨ੍ਹਾਂ ਸ਼ਰਧਾਲੂਆਂ ਨੂੰ ਬੇਨਤੀ ਕੀਤੀ ਏ ਕਿ ਉਹ, ਭੀੜ ਦੀ ਪਰੇਸ਼ਾਨੀ ਤੋਂ ਬਚਣ ਲਈ ਆਪਣੇ-ਆਪਣੇ ਸਥਾਨ 'ਤੇ

ਜਾ ਕੇ ਪੂਜਾ ਅਤੇ ਦਰਸ਼ਨ ਕਰਨ। ਰਾਮ ਜਨਮ ਭੂਮੀ ਤੀਰਥ ਖੇਤਰ ਟਰੱਸਟ ਦੇ ਇਕ ਅਹੁਦੇਦਾਰ ਨੇ ਦੱਸਿਆ ਕਿ 75 ਮਿਲੀ-ਮੀਟਰ ਗੋਲਾਕਾਰ ਸੂਰਜ ਨਾਲ ਭਗਵਾਨ ਸ੍ਰੀ ਰਾਮ ਦਾ ਅਭਿਸ਼ੇਕ ਹੋਵੇਗਾ। ਦੁਪਹਿਰ 12 ਵਜੇ ਸੂਰਜ ਦੀਆਂ ਕਿਰਨਾਂ ਰਾਮਲੱਲ੍ਹਾ ਦੇ ਮੱਥੇ 'ਤੇ ਪੈਣਗੀਆਂ। ਕਿਰਨਾਂ ਲਗਾਤਾਰ ਚਾਰ ਮਿੰਟ ਤੱਕ ਰਾਮਲੱਲ੍ਹਾ ਦੇ ਚਿਹਰੇ ਨੂੰ ਰੌਸ਼ਨ ਕਰਨਗੀਆਂ।

---------------------------------------------------------

ਆਮ ਆਦਮੀ ਪਾਰਟੀ ਵਲੋਂ ਅੱਜ ਚੰਡੀਗੜ੍ਹ ਵਿਚ ਮੁੱਖ ਮੰਤਰੀ ਦੇ ਨਿਵਾਸ ’ਤੇ ਚੋਣਾਂ ਸਬੰਧੀ ਇਕ ਅਹਿਮ ਮੀਟਿੰਗ ਕੀਤੀ ਜਾ ਰਹੀ ਏ। ਇਸ ਵਿੱਚ ਮੁਖ ਮੰਤਰੀ ਭਗਵੰਤ ਸਿੰਘ ਮਾਨ, ਸਾਂਸਦ ਸੰਜੇ ਸਿੰਘ ਅਤੇ ਪਾਰਟੀ ਦੇ ਜਨਰਲ ਸਕੱਤਰ ਡਾ: ਸੰਦੀਪ ਪਾਠਕ ਵੀ ਮੌਜੂਦ ਹੋਣਗੇ। ਸੂਬੇ ਦੇ ਸਾਰੇ ਵਿਧਾਇਕਾਂ ਅਤੇ ਲੋਕ ਸਭਾ ਚੋਣਾਂ ਲਈ ਐਲਾਨੇ ਗਏ ਉਮੀਦਵਾਰਾਂ ਨੂੰ ਵੀ ਮੀਟਿੰਗ ਲਈ ਬੁਲਾਇਆ ਗਿਆ ਏ। ਇਸ ਤੋਂ ਪਹਿਲਾਂ ਮੁੱਖ ਮੰਤਰੀ ਨੇ ਲੋਕ ਸਭਾ ਹਲਕਾ ਵਾਰ ਮੀਟਿੰਗਾਂ ਕਰਕੇ ਸਾਰੇ

ਹਲਕਿਆਂ ਦੇ ਉਮੀਦਵਾਰਾਂ, ਵਿਧਾਇਕਾਂ ਅਤੇ ਮੰਤਰੀਆਂ ਤੋਂ ਫੀਡਬੈਕ ਲਈ ਏ।

------------------------------------------------------------

ਸ਼੍ਰੋਮਣੀ ਅਕਾਲੀ ਦਲ ਦੇ ਜਨਰਲ ਸਕੱਤਰ ਅਤੇ ਬੁਲਾਰੇ ਕਰਨੈਲ ਸਿੰਘ ਪੀਰ ਮੁਹੰਮਦ ਨੇ, ਪੰਜਾਬ ਦੇ ਮੁੱਖ ਮੰਤਰੀ ਭਗਵੰਤ ਮਾਨ ਵੱਲੋਂ, ਲੋਕ ਸਭਾ ਚੋਣਾਂ ਮੱਦੇਨਜ਼ਰ ਕੁਰੂਕਸ਼ੇਤਰ ਤੋਂ ਸੁਸ਼ੀਲ ਕੁਮਾਰ ਨੂੰ ਸਮਰਥਨ ਦੇਣ 'ਤੇ ਸਵਾਲ ਚੁੱਕੇ ਨੇ। ਇੱਕ ਬਿਆਨ ਵਿੱਚ, ਉਨਾਂ ਇਸ ਬਾਰੇ ਆਮ ਆਦਮੀ ਪਾਰਟੀ ਦੇ ਦੋਹਰੇ ਮਾਪਦੰਡਾਂ ਦਾ ਕਥਿਤ ਖੁਲਾਸਾ ਕਰਦੇ ਹੋਏ ਕਿਹਾ, ਕਿ ਸੁਸ਼ੀਲ ਕੁਮਾਰ ਨੇ ਰਾਜ ਸਭਾ ਮੈਂਬਰ ਵਜੋਂ ਪਹਿਲਾਂ ਸਤਲੁਜ-ਯਮੁਨਾ ਲਿੰਕ ਨਹਿਰ ਦੇ ਵਿਵਾਦ ਵਿੱਚ, ਹਰਿਆਣਾ ਦੇ ਹਿੱਤਾਂ ਦੀ ਹਮਾਇਤ ਕੀਤੀ ਸੀ । ਪੀਰ ਮੁਹੰਮਦ ਨੇ ਕਿਹਾ ਕਿ ਅਜਿਹੀ ਸਥਿਤੀ, ਆਮ ਆਦਮੀ ਪਾਰਟੀ ਦੀ ਭਰੋਸੇਯੋਗਤਾ ਬਾਰੇ ਦਰਪੇਸ਼ ਮੁਸ਼ਕਲਾਂ ਪੈਦਾ ਕਰਦੀ ਏ ਅਤੇ ਮੁੱਖ ਮੰਤਰੀ ਨੂੰ ਇਸ ਮੁੱਦੇ ਤੇ ਸਪੱਸ਼ਟੀਕਰਨ ਦੇਣਾ ਚਾਹੀਦਾ ਏ। ਪੀਰ ਮੁਹੰਮਦ ਨੇ ਕਿਹਾ ਕਿ ਪੰਜਾਬ

ਦੇ ਲੋਕ ਸਮਝਦਾਰ ਹੋ ਗਏ ਨੇ ਅਤੇ ਉਹ ਆਮ ਆਦਮੀ ਪਾਰਟੀ ਦੀਆਂ ਅਜਿਹੀਆਂ ਚਾਲਾਂ ਤੋਂ ਪ੍ਰਭਾਵਿਤ ਨਹੀਂ ਹੋਣਗੇ।

---------------------------------------------------------------

ਨੌਜਵਾਨ ਵੋਟਰਾਂ ਨੂੰ ਜਾਗਰੂਕ ਕਰਨ ਅਤੇ ਵਿਦਿਆਰਥੀਆਂ ਦੀ 100 ਫੀਸਦੀ ਸਮੂਲੀਅਤ ਨੂੰ ਯਕੀਨੀ ਬਣਾਉਣ ਲਈ ਮਾਲੇਰਕੋਟਲਾ ਦੇ ਸਰਕਾਰੀ ਕਾਲਜ ਆਫ ਐਜੂਕੇਸ਼ਨ ਵਿਖੇ, ਪੋਸਟਰ ਮੇਕਿੰਗ ਮੁਕਾਬਲੇ ਕਰਵਾਏ ਗਏ। ਜ਼ਿਲ੍ਹਾ ਸਵੀਪ ਨੋਡਲ ਅਫ਼ਸਰ ਜਸਵਿੰਦਰ ਕੌਰ ਨੇ ਦੱਸਿਆ ਕਿ ਇਸ ਦਾ ਮਕਸਦ ਨੌਜਵਾਨਾਂ ਦੀ ਜਮਹੂਰੀਅਤ 'ਚ ਭਾਗੀਦਾਰੀ ਨੂੰ ਯਕੀਨੀ ਬਣਾਉਣ ਅਤੇ ਉਨ੍ਹਾਂ ਨੂੰ ਸੰਵਿਧਾਨਕ ਹੱਕ ਦੀ ਵਰਤੋਂ ਪ੍ਰਤੀ ਜਾਗਰੂਕ ਕਰਨਾ ਰਿਹਾ। ਉਨ੍ਹਾਂ ਕਾਲਜ ਦੇ ਵਿਦਿਆਰਥੀਆਂ ਨੂੰ ਅਪੀਲ ਕੀਤੀ ਕਿ ਉਹ, ਆਪਣੇ ਦੋਸਤਾਂ, ਰਿਸ਼ਤੇਦਾਰਾਂ ਅਤੇ ਮੁਹੱਲਾ ਨਿਵਾਸੀਆਂ ਨੂੰ ਵੀ ਲੋਕਤੰਤਰ ਦੀ ਮਜ਼ਬੂਤੀ ਲਈ ਆਪਣੀ ਕੀਮਤੀ ਵੋਟ ਦਾ ਇਸਤੇਮਾਲ ਕਰਨਾ ਯਕੀਨੀ ਬਣਾਉਣ ਲਈ ਪ੍ਰੇਰਿਤ ਕਰਨ। ਉਨ੍ਹਾਂ ਕਿਹਾ ਕਿ ਜ਼ਿਲ੍ਹਾ ਚੋਣ ਅਫਸਰ ਡਾਕਟਰ ਪੱਲਵੀ ਦੇ ਦਿਸ਼ਾ ਨਿਰਦੇਸ਼ਾਂ ਤਹਿਤ ਸਵੀਪ ਗਤੀਵਿਧੀਆਂ

ਅਧੀਨ "ਘਰ-ਘਰ ਦਸਤਕ" ਮੁੰਹਿਮ ਵਿੱਚ ਹੋਰ ਤੇਜੀ ਲਿਆਂਦੀ ਜਾਵੇਗੀ ਤਾਂ ਜੋ ਔਰਤ, ਬੁਜਰਗ ਅਤੇ ਨੌਜਵਾਨ ਵੋਟਰਾਂ ਦੀ ਸਮੂਲੀਅਤ ਨੂੰ ਹੋਰ ਵਧਾਇਆ ਜਾ ਸਕੇ।

---------------------------------------------------

ਗੁਲਾਬੀ ਸੁੰਡੀ ਦੀ ਰੋਕਥਾਮ ਲਈ ਵੜੇਵਿੰਆਂ ਅਤੇ ਛਿੱਟੀਆਂ ਨਾਲ ਬਚੇ ਅਣਖਿੜੇ ਟੀਂਡਿਆਂ ਦਾ ਪ੍ਰਬੰਧ ਕਰਨਾ ਬਹੁਤ ਜ਼ਰੂਰੀ ਏ। ਸ੍ਰੀ ਮੁਕਤਸਰ ਸਾਹਿਬ ਜ਼ਿਲੇ ਦੇ ਡਿਪਟੀ ਡਾਇਰੈਕਟਰ ਕਪਾਹ ਕਮ ਨੋਡਲ ਅਫਸਰ ਡਾ ਧਰਮ ਪਾਲ ਮੌਰੀਆ ਨੇ ਖੇਤੀਬਾੜੀ ਤੇ ਕਿਸਾਨ ਭਲਾਈ ਵਿਭਾਗ ਵਲੋਂ ਜਿਲ੍ਹਾ ਫਰੀਦਕੋਟ ਵਿੱਚ ਗੁਲਾਬੀ ਸੁੰਡੀ ਦੀ ਰੋਕਥਾਮ ਲਈ ਚਲਾਈ ਜਾ ਰਹੀ ਮੁਹਿੰਮ ਤਹਿਤ  ਕੀਤੇ ਜਾ ਰਹੇ ਅਗਾਂਹੁ ਪ੍ਰਬੰਧਾਂ ਦਾ ਜਾਇਜ਼ਾ ਲੈਂਦਿਆਂ ਖੇਤੀਬਾੜੀ ਅਧਿਕਾਰੀਆਂ ਨੂੰ ਸੰਬੋਧਨ ਕਰਦਿਆਂ ਇਹ ਗੱਲ ਆਖੀ। ਉਨਾਂ ਦੱਸਿਆ ਕਿ ਨਰਮੇ ਤੇ ਗੁਲਾਬੀ ਸੁੰਡੀ ਦੀ ਸ਼ੁਰੂਆਤ ਕਾਟਨ ਜਿੰਨਿੰਗ ਮਿਲਾਂ, ਕਪਾਹ ਦੀਆਂ ਛਿੱਟੀਆਂ ਵਿੱਚ ਬਚੀ ਰਹਿੰਦ-ਖੂਹੰਦ ਜਿਵੇਂ ਵੜੇਵਿੰਆਂ, ਪੁਰਾਣੇ ਟਿੰਡਿਆ ਵਿੱਚ ਪਏ ਗੁਲਾਬੀ ਸੁੰਡੀ ਦੇ ਕੋਆ ਵਿੱਚੋਂ ਪਤੰਗਾ ਨਿਕਲਣ ਨਾਲ ਹੁੰਦੀ ਏ। ਇਸ ਮੌਕੇ ਹੋਰਨਾਂ ਤੋਂ

ਇਲਾਵਾ ਮੁੱਖ ਖੇਤੀਬਾੜੀ ਅਫਸਰ ਡਾ. ਅਮਰੀਕ ਸਿੰਘ ਅਤੇ ਜ਼ਿਲਾ ਸਿਖਲਾਈ ਅਫਸਰ ਡਾ. ਕੁਲਵੰਤ ਸਿੰਘ ਸਮੇਤ ਸਮੂਹ ਅਧਿਕਾਰੀ ਹਾਜ਼ਰ ਸਨ। ਇਸ ਤੋਂ ਪਹਿਲਾਂ ਉਨਾਂ ਏ ਬੀ ਕਾਟਨ ਸਪਿਨਿੰਗ ਮਿਲ ਜੈਤੋਂ ਦਾ ਦੌਰਾ ਕਰਕੇ ਮਿੱਲ ਪ੍ਰਬੰਧਕਾਂ ਨੂੰ ਵੜੇਵਿੰਆਂ ਦੇ ਸਟਾਕ ਦੀ ਫਿਊਮੀਗੇਸ਼ਨ ਕਰਨ ਲਈ ਆਖਿਆ।